# ਟ੍ਰਾਂਸਪੋਰਟੇਸ਼ਨ ਨੈਟਵਰਕ ਕੰਪਨੀ (TNC)
# ਵਾੱਸ਼ਿੰਗਟਨ ਸਟੇਟ ਦੀ ਘੱਟੋ-ਘੱਟ ਉਜਰਤ ਬਾਰੇ ਕਾਨੂੰਨ ਹੇਠ ਡ੍ਰਾਈਵਰ ਦੇ ਹੱਕਾਂ ਬਾਰੇ ਨੋਟਿਸ

*ਇਸ ਨੋਟਿਸ ਦਾ ਉਦੇਸ਼ RCW 49.46.300 ਹੇਠ ਵਾੱਸ਼ਿੰਗਟਨ ਸਟੇਟ ਦੇ TNC ਡ੍ਰਾਈਵਰਾਂ ਨੂੰ ਉਹਨਾਂ ਦੇ ਹੱਕਾਂ ਬਾਰੇ ਦੱਸਣਾ ਹੈ। ਡ੍ਰਾਈਵਰ ਵਜੋਂ, ਤੁਹਾਡੀ ਟ੍ਰਾਂਸਪੋਰਟੇਸ਼ਨ ਨੈਟਵਰਕ ਕੰਪਨੀ ਨੂੰ ਘੱਟੋ-ਘੱਟ ਹੇਠਾਂ ਦਿੱਤੀਆਂ ਭਾਸ਼ਾਵਾਂ ਵਿੱਚ ਸਮਾਰਟਫੋਨ ਐਪਲੀਕੇਸ਼ਨ ਜਾਂ ਔਨਲਾਈਨ ਵੈਬਪੋਰਟ ਰਾਹੀਂ ਡ੍ਰਾਈਵਰ ਦੇ ਹੱਕਾਂ ਬਾਰੇ ਇੱਕ ਨੋਟਿਸ ਜ਼ਰੂਰ ਵੰਡਣਾ ਚਾਹੀਦਾ ਹੈ: ਅੰਗ੍ਰੇਜ਼ੀ, ਸਪੈਨਿਸ਼, ਚੀਨੀ, ਵੀਅਤਨਾਮੀ, ਰੂਸੀ ਅਤੇ ਕੋਰਿਆਈ।*

## ਮੁਆਵਜ਼ੇ ਦੀਆਂ ਘੱਟੋ-ਘੱਟ ਦਰਾਂ

1 ਜਨਵਰੀ, 2025 ਤੋਂ, ਇੱਕ ਡਰਾਈਵਰ ਵਜੋਂ, ਤੁਹਾਡੀ TNC ਨੂੰ ਹਰੇਕ ਟ੍ਰਿਪ ਜਾਂ ਟ੍ਰਿਪ ਦੇ ਹਿੱਸੇ ਲਈ ਤੁਹਾਨੂੰ ਘੱਟੋ-ਘੱਟ ਹੇਠਾਂ ਦਿੱਤੀ ਸਾਰਣੀ ਵਿੱਚ ਦਰਸਾਏ ਗਏ ਰੇਟਾਂ 'ਤੇ ਭੁਗਤਾਨ ਕਰਨਾ ਪਵੇਗਾ।

| **2025 ਡ੍ਰਾਈਵਰ ਦੀਆਂ ਘੱਟੋ-ਘੱਟ ਦਰਾਂ** ਭੇਜੇ ਗਏ ਹਰ ਟ੍ਰਿਪ ਲਈ | ਜਿਹੜੇ ਟ੍ਰਿਪ ਸੀਏਟਲ ਦੇ ਅੰਦਰ ਸ਼ੁਰੂ ਹੋ ਰਹੇ ਹਨ ਅਤੇ ਕਿਤੇ ਵੀ ਖ਼ਤਮ ਹੋ ਰਹੇ ਹਨ, ਇਹਨਾਂ ਵਿੱਚੋਂ ਵੱਧ: | ਜਿਹੜੇ ਟ੍ਰਿਪ ਸੀਏਟਲ ਦੇ ਬਾਹਰ ਸ਼ੁਰੂ ਹੋ ਰਹੇ ਹਨ ਅਤੇ ਸੀਏਟਲ ਤੋਂ ਬਾਹਰ ਹੀ ਖ਼ਤਮ ਹੋ ਰਹੇ ਹਨ, ਇਹਨਾਂ ਵਿੱਚੋਂ ਵੱਧ: | ਟ੍ਰਿਪ ਸ਼ੁਰੂ ਹੋ ਰਹੇ ਹਨ<br>ਸੀਏਟਲ<br>ਤੋਂ ਬਾਹਰ, ਅਤੇ<br>ਸੀਏਟਲ ਦੇ ਅੰਦਰ ਹੀ<br>ਖ਼ਤਮ ਹੋ ਰਹੇ ਹਨ, ਇਹਨਾਂ ਵਿੱਚੋਂ ਵੱਧ: | |
|---|---|---|---|---|
| | | | ਦਾ ਸੁਮੇਲ: | |
| ਉਸ ਟ੍ਰਿਪ ਲਈ ਮੁਸਾਫ਼ਰ ਦੇ ਸਾਰੇ ਪਲੈਟਫਾਰਮ ਸਮੇਂ (ਰਿਕਵਰੀ ਸਮੇਂ ਸਮੇਤ, ਡ੍ਰਾਈਵਰ ਵਲੋਂ ਗੱਡੀ ਚਲਾਉਣ ਦਾ ਸਮਾਂ) ਫ਼ੀ ਮੁਸਾਫ਼ਰ ਪਲੈਟਫ਼ਾਰਮ ਮਿੰਟ | $0.68 | $0.39 | $0.68<br>ਮੁਸਾਫ਼ਰ ਦੇ ਪਲੈਟਫਾਰਮ ਸਮੇਂ ਦੇ ਹਿੱਸੇ 'ਤੇ ਲਾਗੂ ਹੁੰਦਾ ਹੈ, ਜੋ ਸੀਏਟਲ ਦੇ ਅੰਦਰ ਲੱਗਦਾ ਹੈ | $0.39<br>ਮੁਸਾਫ਼ਰ ਦੇ ਪਲੈਟਫਾਰਮ ਸਮੇਂ ਦੇ ਹਿੱਸੇ 'ਤੇ ਲਾਗੂ ਹੁੰਦਾ ਹੈ, ਜੋ ਸੀਏਟਲ ਦੇ ਬਾਹਰ ਲੱਗਦਾ ਹੈ |
| **ਇਸਦੇ ਨਾਲ ਹੀ** | **ਇਸਦੇ ਨਾਲ ਹੀ** | **ਇਸਦੇ ਨਾਲ ਹੀ** | **ਇਸਦੇ ਨਾਲ ਹੀ** | **ਇਸਦੇ ਨਾਲ ਹੀ** |
| ਉਸ ਟ੍ਰਿਪ 'ਤੇ ਮੁਸਾਫ਼ਰ ਦੇ ਸਾਰੇ ਪਲੈਟਫ਼ਾਰਮ ਮੀਲ 'ਤੇ ਚਲਾਈ ਗਈ ਗੱਡੀ ਲਈ ਫ਼ੀ ਮੁਸਾਫ਼ਰ ਪਲੈਟਫ਼ਾਰਮ ਮੀਲ | $1.59 | $1.34 | $1.59<br>ਮੁਸਾਫ਼ਰ ਦੀ ਪਲੈਟਫ਼ਾਰਮ ਮਾਈਲੇਜ ਦੇ ਹਿੱਸੇ 'ਤੇ ਲਾਗੂ ਹੁੰਦਾ ਹੈ, ਜੋ ਸੀਏਟਲ ਦੇ ਅੰਦਰ ਬਣਦੀ ਹੈ | $1.34<br>ਮੁਸਾਫ਼ਰ ਦੀ ਪਲੈਟਫ਼ਾਰਮ ਮਾਈਲੇਜ ਦੇ ਹਿੱਸੇ 'ਤੇ ਲਾਗੂ ਹੁੰਦਾ ਹੈ, ਜੋ ਸੀਏਟਲ ਦੇ ਬਾਹਰ ਬਣਦੀ ਹੈ |
| **ਜਾਂ** | **ਜਾਂ** | **ਜਾਂ** | **ਜਾਂ** | |
| ਘੱਟੋ-ਘੱਟ ਭੇਜਿਆ ਗਿਆ ਟ੍ਰਿਪ | $5.95 | $3.45 | $5.95 | |

ਧਿਆਨ ਦਿਓ: ਸੀਏਟਲ ਦੀਆਂ ਦਰਾਂ 600,000 ਤੋਂ ਵੱਧ ਅਬਾਦੀ ਵਾਲੇ ਵਾੱਸ਼ਿੰਗਟਨ ਵਿੱਚ ਕਿਸੇ ਹੋਰ ਸ਼ਹਿਰ 'ਤੇ ਵੀ ਲਾਗੂ ਹੁੰਦੀਆਂ ਹਨ। ਦਿਸੰਬਰ 2022 ਤੱਕ, ਵਾੱਸ਼ਿੰਗਟਨ ਵਿੱਚ ਸੀਏਟਲ ਹੀ ਇਕੋ-ਇੱਕ ਸ਼ਹਿਰ ਹੈ, ਜਿਸਦੀ ਅਬਾਦੀ ਸਫ਼ਰ ਦੀਆਂ ਉੱਚ ਦਰਾਂ ਲਾਗੂ ਕਰਨ ਲਈ ਵਰਤੇ ਜਾਣ ਵਾਲੇ ਕਾਨੂੰਨ ਵਿੱਚ ਤੈਅਸ਼ੁਦਾ 600,000 ਦੀ ਅਬਾਦੀ ਦੀ ਹੱਦ ਤੋਂ ਵੱਧ ਹੈ।

## ਸਾਂਝੀਆਂ ਰਾਈਡਸ

TNCs ਨੂੰ ਉਨ੍ਹਾਂ ਸਾਂਝੀਆਂ ਰਾਈਡਾਂ ਨੂੰ ਇੱਕ ਸਿੰਗਲ ਟ੍ਰਿਪ ਵਾਂਗ ਮੰਨਣਾ ਚਾਹੀਦਾ ਹੈ, ਜੋ ਉਦੋਂ ਸ਼ੁਰੂ ਹੁੰਦੀ ਹੈ ਜਦੋਂ ਪਹਿਲਾ ਯਾਤਰੀ ਵਾਹਨ ਵਿੱਚ ਦਾਖਲ ਹੁੰਦਾ ਹੈ ਅਤੇ ਆਖਰੀ ਯਾਤਰੀ ਬਾਹਰ ਨਿਕਲਦਾ ਹੈ। ਟ੍ਰਿਪ ਦੇ ਦੌਰਾਨ ਵਾਧੂ ਯਾਤਰੀ ਦੇ ਪਿਕਅੱਪ/ਡ੍ਰੌਪ ਆਫ ਦੀ ਗਣਨਾ ਵੱਖਰੀ-ਵੱਖਰੀ ਰਾਈਡ ਵਜੋਂ ਨਹੀਂ ਕੀਤੀ ਜਾਂਦੀ, ਸਗੋਂ ਇਹ ਨਿਰਧਾਰਤ ਕਰਨ ਲਈ ਕੀਤੀ ਜਾਂਦੀ ਹੈ ਕਿ ਟ੍ਰਿਪ 'ਤੇ ਕਿਹੜੀਆਂ ਘੱਟੋ-ਘੱਟ ਦਰਾਂ ਲਾਗੂ ਹੁੰਦੀਆਂ ਹਨ। TNCs ਨੂੰ ਪੂਰੇ ਟ੍ਰਿਪ ਲਈ ਸਾਂਝੀ ਰਾਈਡ ਦੇ ਕਿਸੇ ਵੀ ਹਿੱਸੇ ਦੌਰਾਨ ਲਾਗੂ ਹੋਣ ਵਾਲੀ ਸਭ ਤੋਂ ਵੱਡੀ ਘੱਟੋ-ਘੱਟ ਦਰ ਲਾਗੂ ਕਰਨੀ ਚਾਹੀਦੀ ਹੈ।

ਨਿਮਨਲਿਖਤ ਉਦਾਹਰਨ ਵੱਖ-ਵੱਖ ਸਾਂਝੀ ਰਾਈਡ ਦ੍ਰਿਸ਼ਾਂ ਲਈ ਲੋੜੀਂਦੇ ਘੱਟੋ-ਘੱਟ ਮੁਆਵਜ਼ੇ ਦਾ ਵਰਣਨ ਕਰਦੇ ਹਨ।

*ਉਦਾਹਰਨ 1: ਤੁਸੀਂ ਸੀਏਟਲ ਤੋਂ ਬਾਹਰ ਇੱਕ ਸਾਂਝੀ ਰਾਈਡ ਸ਼ੁਰੂ ਕਰਦੇ ਹੋ, ਸੀਏਟਲ ਦੇ ਅੰਦਰ ਇੱਕ ਵਾਧੂ ਪਿਕਅੱਪ ਕਰਦੇ ਹੋ, ਅਤੇ ਸਾਰੇ ਯਾਤਰੀਆਂ ਨੂੰ ਸੀਏਟਲ ਤੋਂ ਬਾਹਰ ਛੱਡ ਦਿੰਦੇ ਹੋ।*

TNC ਨੂੰ ਤੁਹਾਨੂੰ ਪੂਰੀ ਸਾਂਝੀ ਰਾਈਡ ਵਾਸਤੇ ਸੀਏਟਲ ਦੀਆਂ ਦਰਾਂ ਦਾ ਭੁਗਤਾਨ ਕਰਨਾ ਚਾਹੀਦਾ ਹੈ ਕਿਉਂਕਿ ਤੁਸੀਂ ਸ਼ਹਿਰ ਦੇ ਅੰਦਰ ਇੱਕ ਪਿਕਅੱਪ ਕੀਤਾ ਸੀ।

RCW 49.46.300(7) ਅਤੇ WAC 296-128-99110(2) ਅਨੁਸਾਰ ਟ੍ਰਾਂਸਪੋਰਟੇਸ਼ਨ ਨੈਟਵਰਕ ਕੰਪਨੀ ਪਹੁੰਚਯੋਗ ਸਿਸਟਮ ਵਿੱਚ ਇਹ ਸੈਂਪਲ ਨੋਟਿਸ ਮੁਹੱਈਆ ਕਰਾਕੇ ਟ੍ਰਾਂਸਪੋਰਟੇਸ਼ਨ ਨੈਟਵਰਕ ਕੰਪਨੀ ਦੇ ਡ੍ਰਾਈਵਰਾਂ ਸਬੰਧੀ ਹੱਕਾਂ ਬਾਰੇ ਲਿਖਤੀ ਨੋਟਿਸ ਵੰਡਣ ਦੀ ਆਪਣੀ ਜ਼ਿੰਮੇਵਾਰੀ ਪੂਰੀ ਕਰ ਸਕਦੀ ਹੈ।

*ਉਦਾਹਰਨ 2: ਤੁਸੀਂ ਸੀਏਟਲ ਤੋਂ ਬਾਹਰ ਸਾਂਝੀ ਰਾਈਡ ਸ਼ੁਰੂ ਕਰਦੇ ਹੋ, ਸੀਏਟਲ ਤੋਂ ਬਾਹਰ ਵਾਧੂ ਪਿਕਅੱਪ ਕਰਦੇ ਹੋ, ਅਤੇ ਆਖਰੀ ਯਾਤਰੀ ਨੂੰ ਸੀਏਟਲ ਦੇ ਅੰਦਰ ਛੱਡ ਦਿੰਦੇ ਹੋ।*

TNC ਨੂੰ ਤੁਹਾਨੂੰ ਸੀਏਟਲ ਤੋਂ ਬਾਹਰ ਤੁਹਾਡੇ ਦੁਆਰਾ ਗੱਡੀ ਚਲਾਉਣ ਵਾਲੇ ਮਿੰਟਾਂ ਅਤੇ ਮੀਲਾਂ ਲਈ ਗੈਰ-ਸੀਏਟਲ ਦਰਾਂ ਅਤੇ ਸੀਏਟਲ ਦੇ ਅੰਦਰ ਤੁਹਾਡੇ ਦੁਆਰਾ ਗੱਡੀ ਚਲਾਉਣ ਵਾਲੇ ਮਿੰਟਾਂ ਅਤੇ ਮੀਲਾਂ ਲਈ ਸੀਏਟਲ ਦੀਆਂ ਦਰਾਂ ਦਾ ਭੁਗਤਾਨ ਕਰਨਾ ਪਵੇਗਾ। ਸਾਂਝਾ ਰਾਈਡ ਲਈ ਘੱਟੋ-ਘੱਟ ਦਰਾਂ ਵਿੱਚ ਸੀਏਟਲ ਤੋਂ ਬਾਹਰ ਹੋਣ 'ਤੇ ਗੈਰ-ਸਿਆਟਲ ਦਰਾਂ ਅਤੇ ਸੀਏਟਲ ਦੇ ਅੰਦਰ ਹੋਣ 'ਤੇ ਸੀਏਟਲ ਦੀਆਂ ਦਰਾਂ ਸ਼ਾਮਲ ਹਨ। TNC ਨੂੰ ਤੁਹਾਨੂੰ ਜਾਂ ਤਾਂ ਸੰਯੁਕਤ ਦਰਾਂ ਦਾ ਜਾਂ ਸੀਏਟਲ ਪ੍ਰਤੀ ਡਿਸਪੈਚ ਕੀਤੇ ਟ੍ਰਿਪ ਲਈ ਬਣਦੀ ਘੱਟੋ-ਘੱਟ ਦਰ ਦਾ ਭੁਗਤਾਨ ਕਰਨਾ ਪਵੇਗਾ, ਜੋ ਵੀ ਵੱਧ ਹੋਵੇ।

*ਉਦਾਹਰਨ 3: ਤੁਸੀਂ ਸੀਏਟਲ ਤੋਂ ਬਾਹਰ ਸਾਂਝੀ ਰਾਈਡ ਸ਼ੁਰੂ ਕਰਦੇ ਹੋ ਅਤੇ ਸੀਏਟਲ ਤੋਂ ਬਾਹਰ ਵਾਧੂ ਪਿਕਅੱਪ ਕਰਦੇ ਹੋ। ਡ੍ਰੌਪ ਔਫ ਲੋਕੇਸ਼ਨ ਵਾਲੇ ਰਸਤੇ 'ਤੇ, ਤੁਸੀਂ ਸੀਏਟਲ ਵਿੱਚੋਂ ਲੰਘਦੇ ਹੋ ਪਰ ਕਿਸੇ ਵੀ ਯਾਤਰੀ ਨੂੰ ਪਿਕਅੱਪ ਕਰਨ ਜਾਂ ਡ੍ਰੌਪ ਔਫ ਕਰਨ ਲਈ ਨਹੀਂ ਰੁਕਦੇ। ਤੁਸੀਂ ਸੀਏਟਲ ਤੋਂ ਬਾਹਰ ਸਾਂਝੀ ਰਾਈਡ ਨੂੰ ਖਤਮ ਕਰਦੇ ਹੋ।*

TNC ਨੂੰ ਤੁਹਾਨੂੰ ਸਾਂਝਾ ਰਾਈਡ ਲਈ ਗੈਰ-ਸੀਏਟਲ ਦਰਾਂ ਦਾ ਭੁਗਤਾਨ ਕਰਨਾ ਚਾਹੀਦਾ ਹੈ। ਸਾਂਝਾ ਰਾਈਡ ਵਿੱਚ ਸ਼ਹਿਰ ਦੇ ਅੰਦਰ ਪਿਕਅਪ ਜਾਂ ਡ੍ਰੌਪ ਆਫ ਕਰਨਾ ਸ਼ਾਮਲ ਨਹੀਂ ਸੀ, ਜਿਸ ਨਾਲ ਸੀਏਟਲ ਦੀਆਂ ਦਰਾਂ ਨੂੰ ਟਰਿੱਗਰ ਹੋਣ।

## ਟਿਪਸ

ਤੁਹਾਨੂੰ ਮਿਲਣ ਵਾਲ਼ੀ ਟਿਪ, ਡ੍ਰਾਈਵਰ ਦੀ ਘੱਟੋ-ਘੱਟ ਮੁਆਵਜੇ ਦੀ ਦਰ ਦੀਆਂ ਸ਼ਰਤਾਂ ਤੋਂ ਅਲਾਵਾ ਹੁੰਦੀ ਹੈ ਅਤੇ ਉਸਨੂੰ ਗਿਣਿਆ ਨਹੀਂ ਜਾ ਸਕਦਾ। ਮੁਸਾਫ਼ਰ ਵਲੋਂ ਦਿੱਤੀਆਂ ਗਈਆਂ ਸਾਰੀ ਟਿਪਸ ਦਾ ਤੁਹਾਡੇ ਭੁਗਤਾਨ, ਤੁਹਾਡੀ ਤੈਅਸ਼ੁਦਾ ਭੁਗਤਾਨ ਦੀ ਮਿਆਦ ਦੇ ਅੰਦਰ ਹੀ ਕੀਤਾ ਜਾਣਾ ਚਾਹੀਦਾ ਹੈ। ਜਦ ਤੱਕ ਕਿ ਕਾਨੂੰਨ ਵਲੋਂ ਲੋੜੀਂਦਾ ਨਹ□□ ਹੈ ਜਾਂ ਸਵੈ-ਇੱਛਾ ਨਾਲ ਕਟੌਤੀ ਦੇ ਪ੍ਰਬੰਧਾਂ ਹੇਠ ਸਪਸ਼ਟ ਤੌਰ 'ਤੇ ਅਖ਼ਤਿਆਰ ਨਹੀਂ ਦਿੱਤਾ ਗਿਆ, ਤਾਂ ਤੁਹਾਡੀ TNC ਤੁਹਾਡੀ ਟਿਪ ਵਿੱਚੋਂ ਕਟੌਤੀ ਨਹੀਂ ਕਰ ਸਕਦੀ।

## ਇਲੈਕਟ੍ਰੌਨਿਕ ਰਸੀਦਾਂ ਅਤੇ ਹਫ਼ਤਾਵਾਰੀ ਨੋਟਿਸ

ਭੇਜੇ ਗਏ ਹਰ ਟ੍ਰਿਪ ਦੇ 24 ਘੰਟਿਆਂ ਦੇ ਅੰਦਰ, TNC ਨੂੰ ਤੁਹਾਨੂੰ ਇਲੈਕਟ੍ਰੌਨਿਕ ਰਸੀਦ ਜ਼ਰੂਰ ਮੁਹਈਆ ਕਰਾਉਣੀ ਚਾਹੀਦੀ ਹੈ, ਜਿਹੜੀ ਡਾਊਨਲੋਡ ਕੀਤੀ ਜਾਣ ਵਾਲ਼ੀ ਕੌਮੇ ਨਾਲ ਵੱਖ ਕੀਤੀ ਗਈ ਵੈਲਿਊਜ਼ ਫ਼ਾਈਲ ਜਾਂ ਲੱਭਣਯੋਗ PDF ਫ਼ਾੱਰਮੈਟ, ਜਿਸ ਵਿੱਚ ਹਰ ਸਿੰਗਲ ਟ੍ਰਿਪ ਜਾਂ ਟ੍ਰਿਪ ਦੇ ਹਿੱਸੇ ਲਈ ਲਾਈਨਾਂ ਵਾਲ਼ਾ ਟੇਬਲ ਹੁੰਦਾ ਹੈ ਅਤੇ ਹਰ ਟ੍ਰਿਪ ਜਾਂ ਟ੍ਰਿਪ ਦੇ ਹਿੱਸੇ ਲਈ ਟ੍ਰਿਪ ਦੀ ਰਸੀਦ ਵਿੱਚ ਸ਼ਾਮਿਲ ਹਰ ਸਫ਼ਰ ਲਈ ਕਾੱਲਮ। ਹਰ ਟ੍ਰਿਪ ਜਾਂ ਟ੍ਰਿਪ ਦੇ ਹਿੱਸੇ ਲਈ ਇਲੈਕਟ੍ਰੌਨਿਕ ਰਸੀਦ ਵਿੱਚ ਹੇਠਾਂ ਹਰ ਸਫ਼ਰ ਸਬੰਧੀ ਜਾਣਕਾਰੀ ਜ਼ਰੂਰ ਹੋਣੀ ਚਾਹੀਦੀ ਹੈ:

- ਮੁਸਾਫ਼ਰ ਪਲੈਟਫ਼ਾਰਮ ਸਮੇਂ ਦੀ ਕੁੱਲ ਰਕਮ
- ਮੁਸਾਫ਼ਰ ਪਲੈਟਫ਼ਾਰਮ ਸਮੇਂ ਦੌਰਾਨ ਚਲਾਈ ਗਈ ਗੱਡੀ ਦੀ ਕੁੱਲ ਮਾਈਲੇਜ
- ਲਾਗੂ ਦਰਾਂ, ਜਿਵੇਂ: ਫ਼ੀ ਮਿੰਟ ਦੀ ਦਰ (ਦਰਾਂ), ਫ਼ੀ ਮੀਲ ਦੀ ਦਰ (ਦਰਾਂ), ਮੁਸਾਫ਼ਰ ਦੇ ਕਿਰਾਏ ਦੀ ਫ਼ੀਸਦ ਅਤੇ ਗੁਣਾ ਕੀਤੀ ਜਾਣ ਵਾਲ਼ੀ ਕੋਈ ਵੀ ਲਾਗੂ ਕੀਮਤ ਜਾਂ ਬਦਲਣਹਾਰ ਮੁੱਲ ਤੈਅ ਕਰਨ ਵਾਲ਼ੀ ਪਾੱਲਿਸੀ ਲਾਗੂ ਹੈ, ਇਸ ਵਿੱਚ ਭੂਗੋਲਿਕ ਥਾਂ ਦੇ ਅਧਾਰ 'ਤੇ ਬਦਲਣਹਾਰ ਦਰਾਂ ਸ਼ਾਮਿਲ ਹਨ
- ਭੇਜੇ ਗਏ ਟ੍ਰਿਪ ਦੇ 24 ਘੰਟਿਆਂ ਦੇ ਅੰਦਰ ਮੁਸਾਫ਼ਰ ਮੁਆਵਜ਼ੇ ਵਜੋਂ ਦਿੱਤੀ ਗਈ ਕੋਈ ਵੀ ਟਿਪ
- ਕੁੱਲ ਭੁਗਤਾਨ
- ਕਟੌਤੀਆਂ, ਫ਼ੀਸਾਂ, ਟੋਲ, ਸਰਚਾਰਜ, ਲੀਜ਼ ਦੀਆਂ ਫ਼ੀਸਾਂ ਜਾਂ ਹੋਰ ਲਾਗਤਾਂ ਤੋਂ ਬਾਅਦ ਖ਼ਾਲਸ ਭੁਗਤਾਨ
- ਸਫ਼ਰ ਦੇ ਹਿਸਾਬ ਨਾਲ ਕਟੌਤੀਆਂ ਜਾਂ ਫ਼ੀਸਾਂ, ਇਸ ਵਿੱਚ ਕੋਈ ਵੀ ਟੋਲ, ਸਰਚਾਰਜ, ਕਮੀਸ਼ਨਾਂ, ਲੀਜ਼ ਦੀਆਂ ਫ਼ੀਸਾਂ ਅਤੇ ਹੋਰ ਲਾਗਤਾਂ ਸ਼ਾਮਿਲ ਹਨ
- ਹਰ ਟ੍ਰਿਪ ਜਾਂ ਟ੍ਰਿਪ ਦੇ ਹਿੱਸੇ ਲਈ ਲਾਗੂ ਤਾਰੀਖ਼ ਅਤੇ ਸਮੇਂ ਦੀ ਮਿਆਦ
- ਸਟ੍ਰੀਟ, ਸ਼ਹਿਰ ਅਤੇ ਸਟੇਟ, ਜਿਸ, ਵਿੱਚ ਮੁਸਾਫ਼ਰ ਨੂੰ ਲਿਆ ਜਾਂਦਾ ਅਤੇ ਛੱਡਿਆ ਜਾਂਦਾ ਹੈ (ਜਦ ਤੱਕ ਮੁਸਾਫ਼ਰ ਨਾਬਾਲਗ਼ ਨਹੀਂ ਹੈ) ਰਾਹੀਂ ਦੱਸੇ ਗਏ ਅਨੁਸਾਰ ਹਰ ਟ੍ਰਿਪ ਜਾਂ ਟ੍ਰਿਪ ਦੇ ਹਿੱਸੇ ਲਈ ਮੁਸਾਫ਼ਰ ਨੂੰ ਲੈਣ ਅਤੇ ਮੁਸਾਫ਼ਰ ਨੂੰ ਛੱਡਣ ਦੀਆਂ ਥਾਵਾਂ।

ਹਫ਼ਤੇ ਵਿੱਚ ਘੱਟੋ-ਘੱਟ ਇੱਕ ਵਾਰੀ, TNC ਨੂੰ ਡ੍ਰਾਈਵਰ ਨੂੰ ਲਿਖਤੀ ਨੋਟਿਸ ਜ਼ਰੂਰ ਮੁਹੱਈਆ ਕਰਨਾ ਚਾਹੀਦਾ ਹੈ, ਜੋ ਕਿ ਡਾਊਨਲੋਡ ਕੀਤੀ ਜਾਣ ਵਾਲ਼ੀ ਕੌਮੇ ਨਾਲ ਵੱਖ ਕੀਤੀ ਗਈ ਵੈਲਿਊਜ਼ ਫ਼ਾਈਲ ਵਿੱਚ ਉਪਲਬਧ ਹੈ, ਜਿਸ ਵਿੱਚ ਪਿਛਲੇ ਹਫ਼ਤੇ ਵਿਚਲੇ ਹਰ ਟ੍ਰਿਪ ਜਾਂ ਟ੍ਰਿਪ ਦੇ ਹਿੱਸੇ ਲਈ ਹੇਠਾਂ ਦਿੱਤੀ ਜਾਣਕਾਰੀ ਸ਼ਾਮਿਲ ਹੁੰਦੀ ਹੈ:

- ਮੁਸਾਫ਼ਰ ਦੇ ਪਲੈਟਫ਼ਾਰਮ ਦਾ ਕੁੱਲ ਸਮਾਂ
- ਮੁਸਾਫ਼ਰ ਪਲੈਟਫ਼ਾਰਮ ਸਮੇਂ ਦੌਰਾਨ ਚਲਾਈ ਗਈ ਗੱਡੀ ਦੀ ਕੁੱਲ ਮਾਈਲੇਜ
- ਪਿਛਲੇ ਹਫ਼ਤੇ ਦੇ ਅੰਦਰ ਮੁਸਾਫ਼ਰਾਂ ਤੋਂ ਮਿਲੀ ਮੁਆਵਜ਼ੇ ਦੀ ਕੁੱਲ ਟਿਪ, ਭੇਜੇ ਗਏ ਹਰ ਟ੍ਰਿਪ ਜਾਂ ਭੇਜੇ ਗਏ ਟ੍ਰਿਪ ਦੀ ਤਾਰੀਖ਼ ਰਾਹੀ□ ਹਰ ਸਫ਼ਰ ਦਾ ਵੇਰਵਾ ਦਿੱਤਾ ਗਿਆ ਹੈ
- ਹਰ ਸਫ਼ਰ ਅਨੁਸਾਰ ਕੁੱਲ ਭੁਗਤਾਨ: ਫ਼ੀ ਮਿੰਟ ਦਰ (ਦਰਾਂ); ਫ਼ੀ ਮੀਲ ਦਰ (ਦਰਾਂ); ਅਤੇ ਤਨਖ਼ਾਹ ਦਾ ਹਿਸਾਬ ਲਾਉਣ ਲਈ ਵਰਤਿਆ ਜਾਣ ਵਾਲ਼ਾ ਕੋਈ ਹੋਰ ਤਰੀਕਾ
- ਕਟੌਤੀਆਂ, ਫ਼ੀਸਾਂ, ਟੋਲ, ਸਰਚਾਰਜ, ਲੀਜ਼ ਦੀਆਂ ਫ਼ੀਸਾਂ ਜਾਂ ਹੋਰ ਲਾਗਤਾਂ ਤੋਂ ਬਾਅਦ ਖ਼ਾਲਸ ਭੁਗਤਾਨ
- ਕਟੌਤੀਆਂ ਜਾਂ ਫ਼ੀਸਾਂ ਨੂੰ ਸਫ਼ਰ ਅਨੁਸਾਰ ਲਿਖਣਾ, ਇਸ ਵਿੱਚ ਸਾਰੇ ਟੋਲ, ਸਰਚਾਰਜ, ਕਮੀਸ਼ਨਾਂ, ਲੀਜ਼ ਦੀਆਂ ਫ਼ੀਸਾਂ ਅਤੇ ਪਿਛਲੇ 365 ਕੈਲੰਡਰ ਦਿਨਾਂ ਦੇ ਅੰਦਰ ਮੁਸਾਫ਼ਰ ਦੇ ਪੂਰੇ ਕੀਤੇ ਗਏ ਕੁੱਲ ਪਲੈਟਫ਼ਾਰਮ ਸਮੇਂ ਤੋਂ ਹੋਰ ਲਾਗਤਾਂ।

## ਭੁਗਤਾਨ ਦੀਆਂ ਮਿਆਦਾਂ

TNC ਨੂੰ ਘੱਟੋ-ਘੱਟ ਦੋ ਹਫ਼ਤਿਆਂ 'ਤੇ ਬਾਕਾਇਦਾ ਤੌਰ 'ਤੇ ਤੈਅਸ਼ੁਦਾ ਭੁਗਤਾਨ ਦੀਆਂ ਮਿਆਦਾਂ ਤਿਆਰ ਕਰਨੀਆਂ ਚਾਹੀਦੀਆਂ ਹਨ। TNC ਵਲੋਂ ਤੁਹਾਨੂੰ ਤਨਖ਼ਾਹ ਦੀ ਮਿਆਦ ਖ਼ਤਮ ਹੋਣ ਦੇ 10 ਕੈਲੰਡਰ ਦਿਨਾਂ ਦੇ ਅੰਦਰ ਮੁਆਵਜ਼ੇ, ਟਿਪਸ ਅਤੇ ਖ਼ਰਚੀ ਗਈ ਰਕਮ ਲਈ ਕਿਸੇ ਵੀ ਬਕਾਇਆ ਰਕਮ ਦਾ ਭੁਗਤਾਨ ਕਰਨਾ ਪਏਗਾ।

RCW 49.46.300(7) ਅਤੇ WAC 296-128-99110(2) ਅਨੁਸਾਰ ਟ੍ਰਾਂਸਪੋਰਟੇਸ਼ਨ ਨੈਟਵਰਕ ਕੰਪਨੀ ਪਹੁੰਚਯੋਗ ਸਿਸਟਮ ਵਿੱਚ ਇਹ ਸੈਂਪਲ ਨੋਟਿਸ ਮੁਹੱਈਆ ਕਰਾਕੇ ਟ੍ਰਾਂਸਪੋਰਟੇਸ਼ਨ ਨੈਟਵਰਕ ਕੰਪਨੀ ਦੇ ਡ੍ਰਾਈਵਰਾਂ ਸਬੰਧੀ ਹੱਕਾਂ ਬਾਰੇ ਲਿਖਤੀ ਨੋਟਿਸ ਵੰਡਣ ਦੀ ਆਪਣੀ ਜ਼ਿੰਮੇਵਾਰੀ ਪੂਰੀ ਕਰ ਸਕਦੀ ਹੈ।

## ਵਾੱਲੰਟਰੀ ਕਟੌਤੀਆਂ

ਕਾਨੂੰਨ ਵਲੋਂ ਜ਼ਰੂਰੀ ਹੋਣ ਤੋਂ ਛੁੱਟ, TNC ਸਿਰਫ਼ ਉਸ ਸਮੇਂ ਹੀ ਮੁਆਵਜ਼ੇ ਦੀ ਕਟੌਤੀ ਕਰ ਸਕਦੀ ਹੈ, ਜਦੋਂ ਤੁਸੀਂ ਸਪਸ਼ਟ ਤੌਰ 'ਤੇ ਲਿਖਤ ਵਿੱਚ ਕਟੌਤੀ ਕਰਨ ਦਾ ਅਖ਼ਤਿਆਰ ਦਿੰਦੇ ਹੋ ਅਤੇ ਇੰਜ ਤੁਸੀਂ ਇੱਕ ਜਾਇਜ਼ ਉਦੇਸ਼ ਲਈ ਅਗਾਊਂ ਤੌਰ 'ਤੇ ਕਰਦੇ ਹੋ। ਵਾੱਲੰਟਰੀ ਕਟੌਤੀਆਂ ਚੈਪਟਰ 49.46 RCW ਅਤੇ ਸਬੰਧਿਤ ਨੇਮਾਂ ਵਿੱਚ ਤੈਅ ਕੀਤੀਆਂ ਗਈਆਂ ਘੱਟੋ-ਘੱਟ ਮੁਆਵਜ਼ੇ ਦੀਆਂ ਸ਼ਰਤਾਂ ਤੋਂ ਹੇਠਾਂ ਤੁਹਾਡੀ ਫ਼ੀ ਟ੍ਰਿਪ ਦੀ ਕਮਾਈ ਨੂੰ ਘਟਾ ਸਕਦੀਆਂ ਹਨ।

## ਨੁਕਸਾਨ ਜਾਂ ਟੁੱਟ-ਫੁੱਟ ਲਈ ਕੋਈ ਕਟੌਤੀਆਂ ਨਹੀਂ

TNC ਤੁਹਾਡੇ ਮੁਆਵਜ਼ੇ ਤੋਂ ਟ੍ਰਾਂਸਪੋਰਟ ਨੈਟਵਰਕ ਕੰਪਨੀ ਦੇ ਉਪਕਰਣ, ਸਾੱਫ਼ਟਵੇਅਰ, ਬੌਧਿਕ ਸੰਪਤੀ ਜਾਂ ਹੋਰ ਪ੍ਰਤੱਖ ਜਾਂ ਅਪ੍ਰਤੱਖ ਸਮਾਨ ਨੂੰ ਪਹੁੰਚੇ ਨੁਕਸਾਨ ਜਾਂ ਨੁਕਸਾਨ ਦੀ ਲਾਗਤ ਦੀ ਕਟੌਤੀ ਨਹੀਂ ਕਰ ਸਕਦੀ

## ਭੁਗਤਾਨਸ਼ੁਦਾ ਬਿਮਾਰੀ ਦਾ ਸਮਾਂ

1 ਜਨਵਰੀ, 2023 ਤੋਂ, TNC ਦੇ ਡ੍ਰਾਈਵਰ ਵਜੋਂ ਤੁਹਾਨੂੰ ਹਰ 40 ਘੰਟਿਆਂ ਦੇ ਮੁਸਾਫ਼ਰ ਪਲੈਟਫ਼ਾਰਮ 'ਤੇ ਕੰਮ ਕਰਨ ਦੇ ਸਮੇਂ ਪਿੱਛੇ ਘੱਟੋ-ਘੱਟ ਇੱਕ ਘੰਟਾ ਮਿਲੇਗਾ, ਇਹ ਸਮਾਂ ਇਕੱਠਾ ਹੋਣ 'ਤੇ ਤੁਹਾਨੂੰ ਬਿਮਾਰੀ ਵੇਲੇ ਛੁੱਟੀ ਮਿਲਣੀ ਸ਼ੁਰੂ ਹੋ ਜਾਏਗੀ। ਤੁਸੀਂ TNC ਦੇ ਡ੍ਰਾਈਵਰ ਪਲੈਟਫ਼ਾਰਮ 'ਤੇ 90 ਘੰਟੇ ਦਾ ਮੁਸਾਫ਼ਰ ਸਮਾਂ ਰਿਕਾੱਰਡ ਕਰਕੇ ਇਕੱਠੇ ਕੀਤੇ ਗਏ ਕਮਾਏ ਗਏ ਭੁਗਤਾਨਸ਼ੁਦਾ ਬਿਮਾਰੀ ਦੇ ਸਮੇਂ ਦੀ ਵਰਤੋਂ ਕਰ ਸਕਦੇ ਹੋ।

ਤੁਹਾਨੂੰ ਘੱਟੋ-ਘੱਟ ਚਾਰ ਜਾਂ ਵੱਧ ਘੰਟਿਆਂ ਦੇ ਵਾਧੇ ਨਾਲ ਇਕੱਠੇ ਕੀਤੇ ਗਏ ਬਿਮਾਰੀ ਵੇਲੇ ਭੁਗਤਾਨਸ਼ੁਦਾ ਸਮੇਂ ਦੇ ਦਿਨਾਂ ਦੀ ਵਰਤੋਂ ਕਰਨ ਦੀ ਮੰਜ਼ੂਰੀ ਦਿੱਤੀ ਜਾਣੀ ਚਾਹੀਦੀ ਹੈ।

ਵਰਤੋਂ ਕੀਤੇ ਗਏ ਕਮਾਏ ਗਏ ਭੁਗਤਾਨਸ਼ੁਦਾ ਬਿਮਾਰੀ ਦੇ ਹਰ ਘੰਟੇ ਲਈ, ਤੁਹਾਨੂੰ ਤੁਹਾਡੀ ਔਸਤ ਘੰਟੇਵਾਰ ਮੁਆਵਜ਼ੇ ਦੀ ਦਰ ਨਾਲ ਭੁਗਤਾਨ ਜ਼ਰੂਰ ਕੀਤਾ ਜਾਣਾ ਚਾਹੀਦਾ ਹੈ।

ਭੁਗਤਾਨਸ਼ੁਦਾ ਬਿਮਾਰੀ ਦੇ ਸਮੇਂ ਨੂੰ ਹੇਠਾਂ ਦਿੱਤੇ ਕਾਰਣਾਂ ਲਈ ਵਰਤਿਆ ਜਾ ਸਕਦਾ ਹੈ:

- ਡ੍ਰਾਈਵਰ ਦੀ ਮਾਨਸਿਕ ਜਾਂ ਸਰੀਰਕ ਬਿਮਾਰੀ, ਸੱਟ-ਫੇਟ ਜਾਂ ਸਿਹਤ-ਸਥਿਤੀ; ਮੈਡੀਕਲ ਰੋਗ-ਨਿਦਾਨ, ਸੰਭਾਲ ਜਾਂ ਕਿਸੇ ਮਾਨਸਿਕ ਜਾਂ ਸਰੀਰਕ ਬਿਮਾਰੀ ਦਾ ਇਲਾਜ, ਸੱਟ-ਫੇਟ ਜਾਂ ਸਿਹਤ-ਸਥਿਤੀ ਲਈ ਸਹੂਲਤ ਦੇਣਾ; ਜਾਂ ਨਿਵਾਰਕ ਮੈਡੀਕਲ ਸੰਭਾਲ ਲਈ ਡ੍ਰਾਈਵਰ ਦੀ ਲੋੜ ਦੇ ਨਤੀਜੇ ਵਜੋਂ ਛੁੱਟੀ ਲੈਣੀ
- ਮਾਨਸਿਕ ਜਾਂ ਸਰੀਰਕ ਬਿਮਾਰੀ, ਸੱਟ-ਫੇਟ ਜਾਂ ਸਿਹਤ-ਸਥਿਤੀ ਵਾਲੇ ਪਰਿਵਾਰ ਦੇ ਮੈਂਬਰ ਨੂੰ ਸੰਭਾਲ ਮੁਹੱਈਆ ਕਰਨ; ਪਰਿਵਾਰ ਦੇ ਮੈਂਬਰ ਲਈ ਸੰਭਾਲ, ਜਿਸ ਨੂੰ ਮੈਡੀਕਲ ਰੋਗ-ਨਿਦਾਨ, ਸੰਭਾਲ, ਮਾਨਸਿਕ ਜਾਂ ਸਰੀਰਕ ਬਿਮਾਰੀ ਦਾ ਇਲਾਜ, ਸੱਟ-ਫੇਟ ਜਾਂ ਸਿਹਤ-ਸਥਿਤੀ; ਜਾਂ ਪਰਿਵਾਰ ਦੇ ਮੈਂਬਰ ਲਈ ਸੰਭਾਲ, ਜਿਸ ਨੂੰ ਨਿਵਾਰਕ ਮੈਡੀਕਲ ਸੰਭਾਲ ਦੀ ਲੋੜ ਹੈ, ਲਈ ਡ੍ਰਾਈਵਰ ਨੂੰ ਮੰਜ਼ੂਰੀ ਦੇਣੀ
- ਜਦੋਂ ਕਿਸੇ ਵੀ ਸਿਹਤ ਸਬੰਧੀ ਕਾਰਨ ਕਰਕੇ ਸਰਕਾਰੀ ਅਫ਼ਸਰ ਦੇ ਹੁਕਮ ਨਾਲ ਡ੍ਰਾਈਵਰ ਦੇ ਬੱਚੇ ਦਾ ਸਕੂਲ ਜਾਂ ਸੰਭਾਲ ਦੀ ਥਾਂ ਬੰਦ ਕਰ ਦਿੱਤੀ ਜਾਂਦੀ ਹੈ।
- ਉਹਨਾਂ ਗ਼ੈਰਹਾਜ਼ਰੀਆਂ ਲਈ, ਜਿਸ ਵਿੱਚ ਮੁਲਾਜ਼ਮ/ਮੁਲਾਜ਼ਮਾ RCW 49.76.030 ਹੇਠ ਘਰੇਲੂ ਹਿੰਸਾ ਸਬੰਧੀ ਛੁੱਟੀ ਲਈ ਹੱਕਦਾਰ ਹੋਏਗਾ/ਹੋਏਗੀ।
- ਡੀਐਕਟੀਵੇਸ਼ਨ ਦੌਰਾਨ, ਜਦ ਤੱਕ ਡੀਐਕਟੀਵੇਸ਼ਨ ਜਾਂ ਸਥਿਤੀ ਡ੍ਰਾਈਵਰ ਵਲੋਂ ਕੀਤੇ ਗਏ ਜਿਨਸੀ ਹਮਲੇ ਜਾਂ ਸਰੀਰਕ ਹਮਲੇ ਦੇ ਪੁਸ਼ਟੀਸ਼ੁਦਾ ਇਲਜ਼ਾਮ ਕਰਕੇ ਨਾ ਹੋਈ ਹੋਵੇ।

ਤੁਹਾਡੇ ਵਲੋਂ ਕੀਤੀ ਗਈ ਬੇਨਤੀ ਦੇ 14 ਕੈਲੰਡਰ ਦਿਨਾਂ ਦੇ ਅੰਦਰ ਜਾਂ ਮੁਆਵਜ਼ੇ ਦੀ ਅਗਲੀ ਬਾਕਾਇਦਾ ਤੌਰ 'ਤੇ ਤੈਅਸ਼ੁਦਾ ਤਾਰੀਖ਼ ਤੱਕ, ਆਪਣੇ ਬੇਨਤੀ ਕੀਤੇ ਗਏ ਭੁਗਤਾਨ ਵਾਲੀ ਬਿਮਾਰੀ ਦੇ ਸਮੇਂ ਦਾ ਭੁਗਤਾਨ ਜ਼ਰੂਰ ਲੈਣਾ ਚਾਹੀਦਾ ਹੈ।

TNC ਨੂੰ ਤੁਹਾਨੂੰ ਕਿਸੇ ਵੀ ਭਾਸ਼ਾ, ਜੋ ਉਹਨਾਂ ਦੇ ਡ੍ਰਾਈਵਰਾਂ ਦੇ ਭਾਈਚਾਰੇ ਦੀ ਘੱਟੋ-ਘੱਟ 2% ਦੀ ਨੁਮਾਇੰਦਗੀ ਕਰਦੀ ਹੈ, ਵਿੱਚ ਉਪਲਬਧ ਕਿਸੇ ਵੀ ਸਿਲਸਿਲੇ ਵਿੱਚ ਆਪਣੇ ਭੁਗਤਾਨ ਕੀਤੇ ਗਏ ਬਿਮਾਰੀ ਦੇ ਸਮੇਂ ਦੀ ਬੇਨਤੀ ਕਰਨ ਅਤੇ ਵਰਤੋਂ ਕਰਨ ਦੀ ਮੰਜ਼ੂਰੀ ਜ਼ਰੂਰ ਦੇਣੀ ਚਾਹੀਦੀ ਹੈ। ਸਮਾਰਟਫੋਨ ਐਪਲੀਕੇਸ਼ਨ ਅਤੇ ਆੱਨਲਾਈਨ ਵੈਬ ਪੋਰਟਲ ਰਾਹੀਂ ਤੁਹਾਡੇ ਲਈ ਇਹ ਸਿਲਸਿਲਾ ਜ਼ਰੂਰ ਉਪਲਬਧ ਹੋਣਾ ਚਾਹੀਦਾ ਹੈ।

TNC ਨੂੰ ਤੁਹਾਨੂੰ ਅਗਲੇ ਕੈਲੰਡਰ ਸਾਲ ਲਈ 40 ਘੰਟਿਆਂ ਤੱਕ ਦੇ ਬਿਮਾਰੀ ਦੇ ਭੁਗਤਾਨਸ਼ੁਦਾ ਅਣਵਰਤੇ ਸਮੇਂ ਨੂੰ ਅੱਗੇ ਲਿਜਾਣ ਦੀ ਆਗਿਆ ਜ਼ਰੂਰ ਦੇਣੀ ਚਾਹੀਦੀ ਹੈ। ਜੇ ਤੁਸੀਂ ਅਣਵਰਤੇ ਕਮਾਏ ਗਏ ਭੁਗਤਾਨਸ਼ੁਦਾ ਬਿਮਾਰੀ ਦੇ ਸਮੇਂ ਨੂੰ ਅੱਗੇ ਲਿਜਾਂਦੇ ਹੋ, ਤਾਂ ਬਾਅਦ ਦੇ ਸਾਲਾਂ ਵਿੱਚ ਕਮਾਏ ਗਏ ਭੁਗਤਾਨਸ਼ੁਦਾ ਬਿਮਾਰੀ ਦੇ ਸਮੇਂ ਦਾ ਜੋੜਿਆ ਹੋਇਆ ਹਿੱਸਾ, ਪਿਛਲੇ ਸਾਲ ਕਮਾਏ ਗਏ ਅਤੇ ਅੱਗੇ ਲਿਜਾਏ ਜਾਣ ਵਾਲੇ ਘੰਟਿਆਂ ਤੋਂ ਅਲਾਵਾ ਹੋਣਾ ਚਾਹੀਦਾ ਹੈ।

ਤੁਸੀਂ ਆਪਣੀ ਬੇਨਤੀ ਤੋਂ ਪਹਿਲਾਂ 90 ਕੈਲੰਡਰ ਦਿਨਾਂ ਦੇ ਅੰਦਰ ਡ੍ਰਾਈਵਰ ਵਜੋਂ TNC ਪਲੈਟਫ਼ਾਰਮ ਦੀ ਵਰਤੋਂ ਕੀਤੀ ਹੈ, ਤਾਂ ਤੁਸੀਂ ਕਮਾਏ ਗਏ ਭੁਗਤਾਨਸ਼ੁਦਾ ਬਿਮਾਰੀ ਦੇ ਸਮੇਂ ਦੀ ਵਰਤੋਂ ਕਰਨ ਦੇ ਹੱਕਦਾਰ ਹੋ।

TNC ਤੁਹਾਡੇ ਖ਼ਿਲਾਫ਼ ਕੋਈ ਕਾਰਵਾਈ ਨਹੀਂ ਕਰ ਸਕਦੀ, ਜੋ ਤੁਹਾਡੀ ਘੱਟੋ-ਘੱਟ ਉਜਰਤ ਸਬੰਧੀ ਕਾਨੂੰਨ ਦੇ ਹੱਕਾਂ ਦੀ ਵਰਤੋਂ ਕਰਕੇ ਟ੍ਰਾਂਸਪੋਰਟੇਸ਼ਨ ਨੈਟਵਰਕ ਦੀ ਤੁਹਾਡੇ ਵਲੋਂ ਕੀਤੀ ਗਈ ਵਰਤੋਂ 'ਤੇ ਮਾੜਾ ਅਸਰ ਪਾਉਂਦਾ ਹੈ, ਜਿਸ ਵਿੱਚ ਤੁਹਾਡੀ ਭੁਗਤਾਨਸ਼ੁਦਾ ਬਿਮਾਰੀ ਦੇ ਸਮੇਂ ਦਾ ਹੱਕ ਵੀ ਸ਼ਾਮਿਲ ਹੈ।

## ਬਦਲੇ ਦੀ ਕਾਰਵਾਈ ਦੀ ਮਨਾਹੀ ਹੈ

TNC ਤੁਹਾਡੇ ਘੱਟੋ-ਘੱਟ ਉਜਰਤ ਸਬੰਧੀ ਕਾਨੂੰਨ ਦੇ ਕੋਈ ਵੀ ਹੱਕ ਲੈਣ ਬਦਲੇ ਤੁਹਾਡੇ ਖ਼ਿਲਾਫ਼ ਬਦਲੇ ਦੀ ਕਾਰਵਾਈ ਨਹੀਂ ਕਰ ਸਕਦੀ, ਇਸ ਵਿੱਚ ਸ਼ਾਮਿਲ ਹਨ:

- ਘੱਟੋ-ਘੱਟ ਮੁਆਵਜ਼ੇ, ਟਿਪਸ ਅਤੇ ਭੁਗਤਾਨਸ਼ੁਦਾ ਬਿਮਾਰੀ ਦੇ ਸਮੇਂ ਦੇ ਆਪਣੇ ਹੱਕਾਂ ਦੀ ਵਰਤੋਂ ਕਰਨੀ
- ਲੇਬਰ ਅਤੇ ਇੰਡਸਟ੍ਰੀਜ਼ ਡਿਪਾਰਟਮੈਂਟ ਕੋਲ ਕਾਰਵਾਈ ਜਾਂ ਸ਼ਿਕਾਇਤ ਦਾਇਰ ਕਰਨੀ
- ਡ੍ਰਾਈਵਰ ਸ੍ਰੋਤ ਸੈਂਟਰ ਦੀ ਵਰਤੋਂ ਕਰਨੀ

ਕਿਉਂਕਿ ਤੁਸੀਂ ਚੈਪਟਰ 49.46 ਹੇਠ ਆਪਣੇ ਹੱਕਾਂ ਦੀ ਵਰਤੋਂ ਕੀਤੀ ਸੀ, ਇਸ ਕਰਕੇ TNC ਤੁਹਾਡੇ ਖ਼ਿਲਾਫ਼ ਕੋਈ ਮਾੜੀ ਕਾਰਵਾਈ ਨਹੀਂ ਕਰ ਸਕਦੀ, ਜਿਵੇਂ ਤੁਹਾਡਾ ਖਾਤਾ ਡਾਐਕਟੀਵੇਟ ਕਰਨਾ, ਤੁਹਾਡੇ ਖਾਤੇ ਤੱਕ ਪਹੁੰਚ 'ਤੇ ਪਾਬੰਦੀ ਲਾਉਣੀ, ਭੁਗਤਾਨ ਦੀਆਂ ਤੁਹਾਡੀਆਂ ਦਰਾਂ ਵਿੱਚ ਤਬਦੀਲੀ ਕਰਨੀ ਜਾਂ ਤੁਹਾਨੂੰ ਅਖ਼ਤਿਆਰੀ ਮੁਆਵਜ਼ੇ ਦੀ ਦਰ ਦੇ ਪੱਧਰਾਂ ਦੇ ਮੌਕਿਆਂ ਤੋਂ ਵਾਂਝਿਆਂ ਰੱਖਣਾ।

TNC ਦੀ ਕੋਈ ਅਜਿਹੀ ਪਾੱਲਿਸੀ ਨਹੀਂ ਹੋ ਸਕਦੀ, ਜੋ ਭੁਗਤਾਨਸ਼ੁਦਾ ਬਿਮਾਰੀ ਦੇ ਸਮੇਂ ਨੂੰ ਗ਼ੈਰਹਾਜ਼ਰੀ ਵਜੋਂ ਗਿਣਦੀ ਹੈ, ਜੋ ਕਿਸੇ ਵੀ ਖਾਤੇ ਨੂੰ ਡੀਐਕਟੀਵੇਟ ਕਰਨ ਜਾਂ ਤੁਹਾਡੇ ਖ਼ਿਲਾਫ਼ ਕੋਈ ਹੋਰ ਮਾੜੀ ਕਾਰਵਾਈ ਕਰਨ ਦਾ ਕਾਰਣ ਬਣ ਸਕਦੀ ਹੈ।

## ਸ਼ਿਕਾਇਤ ਦਾਇਰ ਕਰਨੀ

ਜੇ ਤੁਹਾਡੀ ਟ੍ਰਾਂਸਪੋਰਟੇਸ਼ਨ ਨੈਟਵਰਕ ਕੰਪਨੀ RCW 49.46 ਜਾਂ ਹੇਠਾਂ ਦਿੱਤਿਆਂ ਸਬੰਧੀ ਸਬੰਧਿਤ ਨੇਮਾਂ ਦੀਆਂ ਸ਼ਰਤਾਂ ਦੀ ਉਲੰਘਣਾ ਕਰਦੀ ਹੈ, ਤਾਂ ਡ੍ਰਾਈਵਰ ਵਜੋਂ, ਤੁਹਾਨੂੰ ਡਿਪਾਰਟਮੈਂਟ ਆੱਫ਼ ਲੇਬਰ ਐਂਡ ਇੰਡਸਟ੍ਰੀਜ਼ (L&I) ਕੋਲ ਸ਼ਿਕਾਇਤ ਦਾਇਰ ਕਰਨ ਦਾ ਹੱਕ ਹੈ:

RCW 49.46.300(7) ਅਤੇ WAC 296-128-99110(2) ਅਨੁਸਾਰ ਟ੍ਰਾਂਸਪੋਰਟੇਸ਼ਨ ਨੈਟਵਰਕ ਕੰਪਨੀ ਪਹੁੰਚਯੋਗ ਸਿਸਟਮ ਵਿੱਚ ਇਹ ਸੈਂਪਲ ਨੋਟਿਸ ਮੁਹੱਈਆ ਕਰਾਕੇ ਟ੍ਰਾਂਸਪੋਰਟੇਸ਼ਨ ਨੈਟਵਰਕ ਕੰਪਨੀ ਦੇ ਡ੍ਰਾਈਵਰਾਂ ਸਬੰਧੀ ਹੱਕਾਂ ਬਾਰੇ ਲਿਖਤੀ ਨੋਟਿਸ ਵੰਡਣ ਦੀ ਆਪਣੀ ਜ਼ਿੰਮੇਵਾਰੀ ਪੂਰੀ ਕਰ ਸਕਦੀ ਹੈ।

- ਮੁਆਵਜ਼ਾ
- ਭੁਗਤਾਨਸ਼ੁਦਾ ਬਿਮਾਰੀ ਦਾ ਸਮਾਂ
- ਟਿਪਸ
- ਬਦਲੇ ਦੀ ਕਾਰਵਾਈ

ਤੁਸੀਂ L&I ਕੋਲ ਡ੍ਰਾਈਵਰ ਦੇ ਹੱਕਾਂ ਬਾਰੇ ਸ਼ਿਕਾਇਤ ਦਾਇਰ ਕਰ ਸਕਦੇ ਹੋ:

- ਔਨਲਾਈਨ: Lni.wa.gov/tncdrivers
- ਡਾਕ: ਡ੍ਰਾਈਵਰ ਦੇ ਹੱਕਾਂ ਬਾਰੇ ਸ਼ਿਕਾਇਤ ਬਾਰੇ ਫ਼ਾਰਮ
- ਆਪਣੇ ਸਭ ਤੋਂ ਨਜ਼ਦੀਕੀ L&I ਦਫ਼ਤਰ ਦੀ ਥਾਂ 'ਤੇ ਜਾਓ

## ਡ੍ਰਾਈਵਰ ਸ੍ਰੋਤ ਸੈਂਟਰ

ਪੂਰੀ ਸਟੇਟ ਵਿਚਲੇ ਡ੍ਰਾਈਵਰ ਸ੍ਰੋਤ ਸੈਂਟਰ ਡੀਐਕਟੀਵੇਸ਼ਨ ਅਪੀਲਾਂ ਬਾਰੇ ਅਮਲਾਂ ਅਤੇ ਡ੍ਰਾਈਵਰਾਂ ਲਈ ਪੇਸ਼ ਕੀਤੇ ਗਏ ਹੋਰ ਲਾਭਾਂ ਲਈ ਡ੍ਰਾਈਵਰਾਂ ਦੀ ਮਦਦ ਲਈ ਕੰਮ ਕਰਦੇ ਹਨ। ਡੀਐਕਟੀਵੇਸ਼ਨ ਵਾਲੇ ਡ੍ਰਾਈਵਰਾਂ ਸਬੰਧੀ ਸੁਆਲਾਂ ਜਾਂ ਚਿੰਤਾਵਾਂ ਬਾਰੇ ਡ੍ਰਾਈਵਰ ਸ੍ਰੋਤ ਸੈਂਟਰ ਨਾਲ ਸੰਪਰਕ ਕਰਨਾ ਚਾਹੀਦਾ ਹੈ।

ਈਮੇਲ: support@driversunionwa.org

ਫੋਨ: (206) 812-0829

ਪਤਾ: 14675 Interurban Ave. South, Suite 201, Tukwila, Washington 98168

## ਵਾੱਸ਼ਿੰਗਟਨ ਸਟੇਟ ਡਿਪਾਰਟਮੈਂਟ ਔਫ਼ ਲੇਬਰ ਐਂਡ ਇੰਡਸਟ੍ਰੀਜ਼ (Washington State Department of Labor & Industries (L&I))

ਵਾੱਸ਼ਿੰਗਟਨ ਸਟੇਟ ਡਿਪਾਰਟਮੈਂਟ ਔਫ਼ ਲੇਬਰ ਐਂਡ ਇੰਡਸਟ੍ਰੀਜ਼, ਟ੍ਰਾਂਸਪੋਰਟੇਸ਼ਨ ਨੈਟਵਰਕ, ਕੰਪਨੀ ਦੇ ਡ੍ਰਾਈਵਰ ਵਜੋਂ ਤੁਹਾਡੇ ਹੱਕਾਂ ਬਾਰੇ ਮੁਫ਼ਤ ਤਕਨੀਕੀ ਸਹਾਇਤਾ, ਬ੍ਰੋਸ਼ਰ, ਪੋਸਟਰ ਅਤੇ ਹੋਰ ਵਿਦਿਅਕ ਸ੍ਰੋਤਾਂ ਦੀ ਪੇਸ਼ਕਸ਼ ਕਰਦਾ ਹੈ।

ਵੈਬਸਾਈਟ: Lni.wa.gov/tncdrivers

ਈ-ਮੇਲ: tncdriversupport@lni.wa.gov

ਫੋਨ: (360) 902-5316

'ਤੇ ਜਾਓ L&I ਦਫ਼ਤਰ ਦੀਆਂ ਥਾਵਾਂ

RCW 49.46.300(7) ਅਤੇ WAC 296-128-99110(2) ਅਨੁਸਾਰ ਟ੍ਰਾਂਸਪੋਰਟੇਸ਼ਨ ਨੈਟਵਰਕ ਕੰਪਨੀ ਪਹੁੰਚਯੋਗ ਸਿਸਟਮ ਵਿੱਚ ਇਹ ਸੈਂਪਲ ਨੋਟਿਸ ਮੁਹੱਈਆ ਕਰਾਕੇ ਟ੍ਰਾਂਸਪੋਰਟੇਸ਼ਨ ਨੈਟਵਰਕ ਕੰਪਨੀ ਦੇ ਡ੍ਰਾਈਵਰਾਂ ਸਬੰਧੀ ਹੱਕਾਂ ਬਾਰੇ ਲਿਖਤੀ ਨੋਟਿਸ ਵੰਡਣ ਦੀ ਆਪਣੀ ਜ਼ਿੰਮੇਵਾਰੀ ਪੂਰੀ ਕਰ ਸਕਦੀ ਹੈ।